


ਪ੍ਰਾਈਵੇਟ ਫੌਸਟਰਿੰਗ (ਪਾਲਣ-ਪੋਸਣ) ਬਾਰੇ ਨੌਜਵਾਨਾਂ ਦੇ ਕੁਝ ਵਿਚਾਰ ਇਸ ਤਰ੍ਹਾਂ ਹਨ:

"ਪ੍ਰਾਈਵੇਟ ਤੌਰ 'ਤੇ ਫੌਸਟਰ ਕੀਤੇ ਨੌਜਵਾਨਾਂ ਕੋਲ ਸੋਸ਼ਲ ਵਰਕਰਾਂ ਦੇ ਨੰਬਰ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਉਹ ਅਸੁਰੱਖਿਅਤ ਮਹਿਸੂਸ ਕਰਨ ਵੇਲੇ ਟੈਲੀਫੋਨ ਕਰ ਸਕਦੇ ਹਨ"

"ਪ੍ਰਾਈਵੇਟ ਤੌਰ 'ਤੇ ਫੌਸਟਰ ਦੇਖ-ਭਾਲ ਵਾਲੇ ਨੌਜਵਾਨਾਂ ਨੂੰ ਆਪਣੇ ਨਵੇਂ ਪਰਿਵਾਰਾਂ ਬਾਰੇ ਵਧੇਰੇ ਜਾਣਕਾਰੀ ਦੀ ਲੋੜ ਹੈ"।

"ਇਹ ਗੱਲ ਯਕੀਨੀ ਬਣਾਉਣੀ ਚਾਹੀਦੀ ਹੈ ਕਿ ਪ੍ਰਾਈਵੇਟ ਤੌਰ 'ਤੇ ਫੌਸਟਰ ਦੇਖ-ਭਾਲ ਵਾਲੇ ਨੌਜਵਾਨ ਆਪਣੇ ਕੇਅਰਰਜ਼ ਤੋਂ ਬਗੈਰ ਆਪਣੇ ਸੋਸ਼ਲ ਵਰਕਰਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਣ"।

**ਹੋਰ ਜਾਣਕਾਰੀ ਚਾਹੀਦੀ ਹੋਵੇ, ਤਾਂ ਸੰਪਰਕ ਕਰੋ:**

ਪ੍ਰਾਈਵੇਟ ਪਾਲਣ ਪੋਸਣ (ਫੌਸਟਰਿੰਗ) ਬਾਰੇ ਹੋਰ ਜਾਣਕਾਰੀ ਲੈਣ ਲਈ ਜਾਂ ਕਿਸੇ ਨੂੰ ਦੱਸਣ ਲਈ ਕਿ ਤੁਹਾਡੇ ਖਿਆਲ ਵਿਚ ਤੁਹਾਡਾ ਪ੍ਰਾਈਵੇਟ ਤੌਰ 'ਤੇ ਪਾਲਣ-ਪੋਸਣ ਹੋ ਰਿਹਾ ਹੈ, ਤੁਸੀਂ ਇਨ੍ਹਾਂ ਨੂੰ ਟੈਲੀਫੋਨ ਕਰ ਸਕਦੇ ਹੋ:
ਅਡਵਾਈਸ ਐਂਡ ਅਸੈੱਸਮੈਂਟ ਟੀਮ
ਟੈਲੀਫੋਨ: 0161 253 5454
ਜਾਂ ਈਮੇਲ ਕਰੋ:
**AdviceandAssessment@bury.gov.uk**
**ਜਾਂ ਹੇਠ ਲਿਖੇ ਪਤੇ 'ਤੇ ਆ ਕੇ ਮਿਲੋ:**
ਚਿਲਡਰਨ ਸਰਵਿਸਿਜ਼, ਅਥੈਨੀਅਮ ਹਾਊਸ,
ਮਾਰਕੀਟ ਸਟਰੀਟ, ਬਰੀ, ਲੰਕਾਸ਼ਾਇਰ, BL9 0BN
ਤੁਸੀਂ ਔਨ ਲਾਈਨ ਵੀ ਹੋਰ ਜਾਣਕਾਰੀ ਲੈ ਸਕਦੇ ਹੋ:
**Bury Council—Private Fostering**
**ਜਾਂ ਦੇਖੋ:**
**www.privatefostering.org.uk**

# ਨੌਜਵਾਨਾਂ ਵਾਸਤੇ ਜਾਣਕਾਰੀ

**ਕੀ ਤੁਸੀਂ ਆਪਣੇ ਦੋਸਤ, ਗੁਆਂਢੀ, ਜਾਂ ਕਿਸੇ ਹੋਰ ਪਰਿਵਾਰ ਨਾਲ ਰਹਿੰਦੇ ਹੋ?**

**ਜਾਂ ਕੀ ਤੁਸੀਂ ਕਿਸੇ ਅਜਿਹੇ ਬੱਚੇ ਜਾਂ ਨੌਜਵਾਨ ਨੂੰ ਜਾਣਦੇ ਹੋ ਜਿਸਦੀ ਪਾਲਣਾ ਕਿਸੇ ਹੋਰ ਵਲੋਂ ਕੀਤੀ ਜਾ ਰਹੀ ਹੈ?**

**ਜੇਕਰ ਅਜਿਹਾ ਹੈ ਤਾਂ ਤੁਹਾਨੂੰ ਇਹ ਲੀਫ਼ਲੈੱਟ ਪੜ੍ਹਨ ਦੀ ਲੋੜ ਹੈ।**



## ਪ੍ਰਾਈਵੇਟ ਫੌਸਟਰਿੰਗ (ਪਾਲਣ-ਪੋਸਣ)

Bury Safeguarding Children Board



## ਪ੍ਰਾਈਵੇਟ ਫੌਸਟਰਿੰਗ (ਪਾਲਣ ਪੋਸਣ) ਕੀ ਹੈ?

- ਜੇਕਰ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ (ਜਾਂ ਤੁਹਾਡੇ ਅਪਾਹਿਜ ਹੋਣ ਦੀ ਹਾਲਤ ਵਿਚ 18 ਸਾਲ ਤੋਂ ਘੱਟ ਹੈ) ਅਤੇ ਤੁਸੀਂ ਜਾਂ ਤੁਹਾਡੇ ਮਾਪਿਆਂ ਨੇ 28 ਦਿਨ ਤੋਂ ਵੱਧ ਸਮੇਂ ਲਈ ਤੁਹਾਡੇ ਮਾਤਾ ਪਿਤਾ ਦੀ ਬਜਾਇ ਕਿਸੇ ਹੋਰ ਬਾਲਗ ਵਿਅਕਤੀ ਕੋਲ ਤੁਹਾਡੇ ਰਹਿਣ ਦਾ ਪ੍ਰਬੰਧ ਕੀਤਾ ਹੋਵੇ।

- ਜਿਸ ਵਿਅਕਤੀ ਕੋਲ ਤੁਸੀਂ 28 ਦਿਨ ਤੋਂ ਵੱਧ ਸਮੇਂ ਲਈ ਰਹਿਣਾ ਹੈ, ਜੇਕਰ ਉਹ ਤੁਹਾਡਾ ਨਜ਼ਦੀਕੀ ਰਿਸ਼ਤੇਦਾਰ ਹੈ ਜਿਵੇਂ ਤੁਹਾਡਾ ਦਾਦਾ, ਦਾਦੀ, ਨਾਨਾ, ਨਾਨੀ, ਭਰਾ, ਭੈਣ, ਤੁਹਾਡੇ ਮਾਤਾ ਪਿਤਾ ਦੇ ਸਕੇ ਭੈਣ, ਭਰਾ (ਖੂਨ ਦੇ ਰਿਸ਼ਤੇ ਵਾਲੇ ਅੰਕਲ ਆਂਟੀ) ਜਾਂ ਤੁਹਾਡੇ ਮਤੇਰ ਮਾਪੇ (ਸ਼ਾਦੀ ਜਾਂ ਸਿਵਲ ਪਾਰਟਨਰਸ਼ਿਪ ਰਾਹੀਂ), ਤਾਂ ਤੁਹਾਡਾ ਪ੍ਰਾਈਵੇਟ ਫੌਸਟਰਿੰਗ (ਪਾਲਣ-ਪੋਸਣ) ਨਹੀਂ ਹੋ ਰਿਹਾ।

- ਜੇਕਰ ਤੁਹਾਡਾ ਪ੍ਰਾਈਵੇਟ ਫੌਸਟਰਿੰਗ (ਪਾਲਣ-ਪੋਸਣ) ਹੋ ਰਿਹਾ ਹੈ ਤਾਂ ਇਸਦਾ ਅਰਥ ਹੈ ਕਿ ਤੁਸੀਂ 28 ਦਿਨ ਤੋਂ ਵੱਧ ਸਮੇਂ ਲਈ ਕਿਸੇ ਅਜਿਹੇ ਵਿਅਕਤੀ ਕੋਲ ਰਹੋਗੇ ਜੋ ਤੁਹਾਡਾ ਨਜ਼ਦੀਕੀ ਰਿਸ਼ਤੇਦਾਰ ਨਹੀਂ ਹੈ।

## ਇਹ ਉਨ੍ਹਾਂ ਨੌਜਵਾਨਾਂ ਦੀਆਂ ਕੁਝ ਇਕ ਉਦਾਹਰਣਾਂ ਹਨ ਜਿਨ੍ਹਾਂ ਦਾ ਪ੍ਰਾਈਵੇਟ ਪਾਲਣ-ਪੋਸਣ ਹੋ ਸਕਦਾ ਹੈ:

- ਬਾਹਰਲੇ ਦੇਸ਼ ਤੋਂ ਆਇਆ ਬੱਚਾ ਜਿਸਨੂੰ ਪੜ੍ਹਾਈ ਜਾਂ ਇਲਾਜ ਵਾਸਤੇ ਇਸ ਦੇਸ਼ ਵਿਚ ਕਿਸੇ ਪਰਿਵਾਰ ਕੋਲ ਰਹਿਣ ਲਈ ਭੇਜਿਆ ਗਿਆ ਹੋਵੇ।

- ਇਕ ਟੀਨਏਜਰ ਭਾਵ ਗਭਰੂ ਜਾਂ ਮੁਟਿਆਰ, ਜੋ ਆਪਣੇ ਦੋਸਤ ਦੇ ਪਰਿਵਾਰ ਨਾਲ ਰਹਿ ਰਹੇ ਹਨ ਕਿਉਂਕਿ ਉਨ੍ਹਾਂ ਦੀ ਆਪਣੇ ਪਰਿਵਾਰ ਨਾਲ ਨਹੀਂ ਬਣਦੀ।

- ਇਕ ਗਭਰੂ ਜਾਂ ਮੁਟਿਆਰ ਜੋ ਇਸ ਕਰਕੇ ਆਪਣੇ ਬੌਏਫਰੈਂਡ/ਗਰਲਫਰੈਂਡ ਦੇ ਮਾਪਿਆਂ ਨਾਲ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੀ ਆਪਣੇ ਮਾਪਿਆਂ ਨਾਲ ਨਹੀਂ ਬਣਦੀ।

- ਇਕ ਬੱਚਾ ਆਪਣੇ ਦੋਸਤ ਦੇ ਪਰਿਵਾਰ ਨਾਲ ਇਸ ਕਰਕੇ ਰਹਿ ਰਿਹਾ ਹੈ ਕਿਉਂਕਿ ਉਸਦਾ ਇਕ ਜਾਂ ਦੋਨੋਂ ਮਾਪੇ ਹਸਪਤਾਲ ਵਿਚ ਹਨ ਅਤੇ ਘਰ ਵਿਚ ਉਨ੍ਹਾਂ ਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਹੈ।

- ਇਕ ਬੱਚਾ ਕਿਸੇ ਹੋਰ ਪਰਿਵਾਰ ਨਾਲ ਰਹਿ ਰਿਹਾ ਹੈ ਕਿਉਂਕਿ ਉਸਦੇ ਮਾਪੇ ਅਲੱਗ ਹੋ ਗਏ ਹਨ ਜਾਂ ਉਨ੍ਹਾਂ ਦਾ ਤਲਾਕ ਹੋ ਗਿਆ ਹੈ।





## ਚਿਲਡਰਨ ਐਂਡ ਯੰਗ ਪੀਪਲਜ਼ ਸਰਵਿਸਿਜ਼ ਕੀ ਕਰੇਗੀ?

ਕਾਨੂੰਨ ਅਨੁਸਾਰ ਬਰੀ ਕੌਂਸਲ ਨੂੰ ਇਹ ਗੱਲ ਲਾਜਮੀ ਯਕੀਨੀ ਬਣਾਉਣੀ ਪਵੇਗੀ ਕਿ ਜਿੱਥੇ ਤੁਸੀਂ ਰਹਿੰਦੇ ਹੋ, ਉੱਥੇ ਤੁਹਾਡੀ ਠੀਕ ਤਰ੍ਹਾਂ ਨਾਲ ਦੇਖ-ਭਾਲ ਹੋ ਰਹੀ ਹੈ ਅਤੇ ਉਹ ਆ ਕੇ ਤੁਹਾਨੂੰ ਦੇਖਣ ਦਾ ਪਰਬੰਧ ਕਰਨਗੇ ਕਿ ਤੁਸੀਂ ਠੀਕ ਹੋ।

ਜੇਕਰ ਤੁਹਾਨੂੰ ਜਾਂ ਤੁਹਾਡੀ ਦੇਖ-ਭਾਲ ਕਰ ਰਹੇ ਵਿਅਕਤੀ ਨੂੰ ਸਹਾਇਤਾ ਦੀ ਲੋੜ ਹੋਵੇ ਤਾਂ ਤੁਹਾਨੂੰ ਸਹਾਇਤਾ ਦੀ ਪੇਸ਼ਕਸ਼ ਕੀਤੀ ਜਾਵੇਗੀ।

ਜੇਕਰ ਤੁਸੀਂ ਕਿਸੇ ਹੋਰ ਦੇ ਘਰ ਰਹਿ ਰਹੇ ਹੋ ਤਾਂ ਤੁਹਾਡੇ ਮਾਪਿਆਂ ਅਤੇ ਤੁਹਾਡਾ ਪ੍ਰਾਈਵੇਟ ਪਾਲਣ-ਪੋਸਣ ਕਰਨ ਵਾਲੇ ਕੇਅਰਰ ਨੂੰ ਇਸ ਬਾਰੇ ਬਰੀ ਕੌਂਸਲ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਸਾਨੂੰ ਇਹ ਗੱਲ ਯਕੀਨੀ ਬਣਾਉਣੀ ਪੈਣੀ ਹੈ ਕਿ ਤੁਹਾਡਾ ਠੀਕ ਤਰ੍ਹਾਂ ਪਾਲਣ-ਪੋਸਣ ਹੋ ਰਿਹਾ ਹੈ।